# ਸਾਥੀ ਕੇਵਲ ਸਿੰਘ ਪੁਰੇਵਾਲ ਦੀ ਯਾਦ ਵਿਚ



ਅਦਾਰਾ ***ਇਹ ਦਿਨ*** ਬੜੇ ਡੂੰਘੇ ਦੁੱਖ ਨਾਲ ਇਹ ਖ਼ਬਰ ਦੇ ਰਿਹਾ ਹੈ ਕਿ ਇੰਡੀਅਨ ਵਰਕਰਜ਼ ਐਸੋਸੀਏਸ਼ਨ (ਗ.ਬ) ਦੇ ਪ੍ਰਧਾਨ ਕੇਵਲ ਸਿੰਘ ਪੁਰੇਵਾਲ 21 ਸਤੰਬਰ 2005 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਸਾਥੀ ਕੇਵਲ ਸਿਘ ਪੁਰੇਵਾਲ ਦੀ ਉਮਰ 68 ਸਾਲ ਦੀ ਸੀ ਤੇ ਅੰਤਮ ਸਮੇਂ ਉਹ ਕਵੈਂਟਰੀ ਦੇ ਨਜ਼ਦੀਕੀ ਸ਼ਹਿਰ ਸਟਰੈਟਫੋਰਡ ਵਿਚ ਗਏ ਹੋਏ ਸਨ। ਅਦਾਰਾ ***ਇਹ ਦਿਨ*** ਵਲੋਂ ਅਸੀਂ ਸਾਥੀ ਕੇਵਲ ਪੁਰੇਵਾਲ ਦੇ ਪ੍ਰੀਵਾਰ ਦੇ ਮੈਂਬਰਾਂ ਅਤੇ ਇੰਗਲੈਂਡ, ਕੈਨੇਡਾ ਅਤੇ ਹਿੰਦੋਸਤਾਨ ਵਿਚ ਫੈਲੇ ਹੋਏ ਉਸਦੇ ਅਨੇਕਾਂ ਦੋਸਤਾਂ ਅਤੇ ਸਾਥੀਆਂ ਨਾਲ ਆਪਣੀਆਂ ਡੂੰਘੀਆਂ ਹਮਦਰਦੀਆਂ ਦਾ ਇਜ਼ਹਾਰ ਕਰਦੇ ਹਾਂ ਅਤੇ ਇਸ ਗਮ ਵਿਚ ਸ਼ਰੀਕ ਹੁੰਦੇ ਹਾਂ।

ਸਾਥੀ ਕੇਵਲ ਆਪਣੀ ਜਵਾਨੀ ਵਿਚ ਹੀ ਪੰਜਾਬ ਤੋਂ ਇੰਗਲੈਂਡ ਆ ਗਏ ਸਨ। ਉਹ ਪੰਜਾਬ ਦੇ ਮਾਹਲਪੁਰ ਦੇ ਇਲਾਕੇ ਵਿਚੋਂ ਸਨ। ਆਪਣੇ ਵਿਦਿਆਰਥੀ ਜੀਵਨ ਤੋਂ ਹੀ ਉਹ ਸਾਥੀ ਹਰਦਿਆਲ ਬੈਂਸ, ਕੈਨੇਡਾ ਦੀ ਕਮਿਊਨਿਸਟ ਪਾਰਟੀ (ਮ-ਲ) ਦੇ ਬਾਨੀ ਅਤੇ ਲੀਡਰ, ਦੇ ਬਹੁਤ ਹੀ ਨਜ਼ਦੀਕੀ ਦੋਸਤ ਵੀ ਸਨ ਅਤੇ ਹਮਜਮਾਤੀ ਵੀ। ਇਨ੍ਹਾਂ ਦੀ ਇਹ ਪੱਕੀ ਦੋਸਤੀ ਅਤੇ ਸਾਥ 1997 ਤੱਕ ਕਾਇਮ ਰਿਹਾ ਜਦੋਂ ਸਾਥੀ ਹਰਦਿਆਲ ਬੈਂਸ ਗੁਜ਼ਰ ਗਏ। ਕੇਵਲ ਸਿੰਘ ਪੁਰੇਵਾਲ ਉਨ੍ਹਾਂ ਅਸੂਲਾਂ ਉਤੇ ਡੱਟ ਕੇ ਪਹਿਰਾ ਦਿੰਦੇ ਰਹੇ ਜਿਨ੍ਹਾਂ ਲਈ ਹਰਦਿਆਲ ਬੈਂਸ ਸਾਰੀ ਉਮਰ ਲੜਦੇ ਰਹੇ ਸਨ।

ਆਪਣੇ ਆਖ਼ਰੀ ਦਮ ਤੱਕ ਸਾਥੀ ਕੇਵਲ ਸਿੰਘ ਪੁਰੇਵਾਲ ਬਰਤਾਨੀਆਂ ਦੀ ਮਜ਼ਦੂਰ ਲਹਿਰ ਵਿਚ ਵੱਧ ਚੜ੍ਹ ਕੇ ਹਿਸਾ ਲੈਂਦੇ ਰਹੇ। ਕਵੈਂਟਰੀ ਵਿਚ ਉਨ੍ਹਾਂ ਇਕ ਬੱਸ ਡਰੈਵਰ ਵਜੋਂ ਕੰਮ ਕੀਤਾ ਅਤੇ ਆਪਣੇ ਆਪ ਨੂੰ ਸਦਾ ਬਰਤਾਨੀਆਂ ਦੀ ਮਜ਼ਦੂਰ ਜਮਾਤ ਦਾ ਹਿਸਾ ਸਮਝਿਆ। ਹਿੰਦਸਤਾਨੀ ਪਿਛੋਕੜ ਦੇ ਬਰਤਾਨੀਆਂ ਵਿਚ ਰਹਿੰਦੇ ਤੇ ਕੰਮ ਕਰਦੇ ਸਾਰੇ ਮਜ਼ਦੂਰਾਂ ਨੂੰ ਉਹ ਬਰਤਾਨੀਆਂ ਦੀ ਮਜ਼ਦੂਰ ਜਮਾਤ ਦਾ ਇਕ ਅਟੁੱਟ ਹਿਸਾ ਸਮਝਦੇ ਸਨ। ਇੰਡੀਅਨ ਵਰਕਰਜ਼ ਐਸੋਸੀਏਸ਼ਨ (ਗ.ਬ.) ਦੇ ਪ੍ਰਧਾਨ ਹੋਣ ਦੀ ਹੈਸੀਅਤ ਵਿਚ ਉਨ੍ਹਾਂ ਨੇ ਸਦਾ ਹੀ ਇਸ ਅਸੂਲ ਉਤੇ ਪਹਿਰਾ ਦਿਤਾ ਕਿ ਇਥੋਂ ਦੀ ਮਜ਼ਦੂਰ ਜਮਾਤ ਦਾ ਇਕ ਹਿਸਾ ਹੋਣ ਦੇ ਬਤੌਰ ਸਾਨੂੰ ਇਥੋਂ ਦੀ ਸਿਆਸੀ ਜ਼ਿੰਦਗੀ ਵਿਚ ਅਤੇ ਮਜ਼ਦੂਰ ਲਹਿਰ ਦੇ ਕੰਮ ਵਿਚ ਵੱਧ ਚੜ੍ਹ ਕੇ ਹਿਸਾ ਲੈਣਾ ਚਾਹੀਦਾ ਹੈ ਅਤੇ ਸਾਨੂੰ ਆਪਣੇ ਹੱਕਾਂ ਲਈ ਅਤੇ ਸਾਰਿਆਂ ਦੇ ਹੱਕਾਂ ਲਈ ਸੰਘਰਸ਼ ਵਿਚ ਡੱਟ ਕੇ ਹਿਸਾ ਲੈਣਾ ਚਾਹੀਦਾ ਹੈ। ਕੇਵਲ ਹੁਰਾਂ ਨੇ ਭਾਰਤੀ ਮਜ਼ਦੂਰ ਸਭਾ (ਗ.ਬ)ਦੇ ਪ੍ਰੋਗ੍ਰਾਮ ਅਤੇ ਅਸੂਲਾਂ ਨੂੰ ਲਾਗੂ ਕਰਨ, ਸਮੁਚੀ ਮਜ਼ਦੂਰ ਜਮਾਤ ਦੇ ਹੱਕਾਂ ਦੀ ਜਦੋਜਹਿਦ, ਇੰਡੀਅਨ ਅਤੇ ਹੋਰ ਘੱਟ-ਗਿਣਤੀ ਲੋਕਾਂ ਦੇ ਹੱਕਾਂ ਦੀ ਜਦੋ ਜਹਿਦ, ਅਤੇ ਨਸਲਵਾਦ ਤੇ ਨਸਲੀ ਵਿਤਕਰੇ ਦੇ ਖ਼ਿਲਾਫ਼ ਲੜਾਈ ਲਈ ਅਣਥੱਕ ਕੰਮ ਕੀਤਾ। ਬਰਤਾਨੀਆਂ ਦੀ ਰੈਵੋਲੂਸ਼ਨਰੀ ਕਮਿਊਨਿਸਟ ਪਾਰਟੀ (ਮ-ਲ) ਦੇ ਉਹ 1979 ਤੋਂ ਹੀ, ਜਿਸ ਵੇਲੇ ਇਹ ਪਾਰਟੀ ਬਣੀ ਹੀ ਸੀ, ਸਰਗਰਮ ਵਰਕਰ ਸਨ। ਇਕ ਪੱਕੇ ਹਿੰਦੁਸਤਾਨੀ ਦੇਸ਼ਭਗਤ ਅਤੇ ਪ੍ਰੋਲੇਤਾਰੀ ਕੌਮਾਂਤਰੀਵਾਦ ਦੇ ਅਸੂਲਾਂ ਤੇ ਚਲਣ ਵਾਲੇ ਘੁਲਾਟੀਏ ਦੇ ਤੌਰ ਤੇ ਉਨ੍ਹਾਂ ਨੇ ਆਪਣੇ ਮਾਦਰੇ ਵਤਨ ਅਤੇ ਹੋਰ ਸਾਰੇ ਮੁਲਕਾਂ ਦੀ ਮੁਕਤੀ ਲਈ ਪੂਰੇ ਯਤਨ ਕੀਤੇ।

ਕਵੈਂਟਰੀ ਅਤੇ ਹੋਰ ਥਾਵੀਂ ਸਾਥੀ ਕੇਵਲ ਦੀ ਘਾਟ ਬੜਾ ਰੜਕੇਗੀ। ਉਹ ਸਦਾ ਹੀ ਇਕ ਅਸੂਲਾਂ ਤੇ ਚੱਲਣ ਵਾਲੇ ਅਤੇ ਇਨਸਾਨੀਅਤ ਦੇ ਕਾਰਜ ਦਾ ਵਫ਼ਾਦਾਰੀ ਨਾਲ ਪਾਲਣ ਕਰਨ ਵਾਲੇ ਇਨਸਾਨ ਦੇ ਤੌਰ ਤੇ ਸਤਿਕਾਰੇ ਜਾਂਦੇ ਜਾਣਗੇ। ਸਾਥੀ ਕੇਵਲ ਬਹੁਤੀਆਂ ਗੱਲਾਂ ਨਹੀਂ ਸਨ ਕਰਿਆ ਕਰਦੇ ਪਰ ਜਦੋਂ ਵੀ ਕੋਈ ਗੱਲ ਕਰਦੇ ਸਿਆਣੀ, ਡੂੰਘੀ ਤੇ ਪਤੇ ਦੀ ਗੱਲ ਕਰਦੇ। ਉਹ ਬਹੁਤ ਸਾਫ਼ ਦਿਲ, ਨੇਕ, ਸੁਹਿਰਦ ਅਤੇ ਦਿਆਨਦਾਰ ਇਨਸਾਨ ਸਨ।

ਸਾਥੀ ਕੇਵਲ ਸਿੰਘ ਪੁਰੇਵਾਲ ਦੀ ਜ਼ਿੰਦਗੀ ਅਤੇ ਮਜ਼ਦੂਰ ਲਹਿਰ ਨੂੰ ਯੋਗਦਾਨ ਬਾਰੇ ਇਕ ਮੈਮੋਰੀਅਲ ਮੀਟਿੰਗ ਅਕਤੂਬਰ ਦੇ ਪਿਛਲੇ ਅੱਧ ਵਿਚ ਕਵੈਂਟਰੀ ਵਿਚ ਕੀਤੀ ਜਾਵੇਗੀ। ਇਹ ਮੀਟਿੰਗ ਇੰਡੀਅਨ ਵਰਕਰਜ਼ ਐਸੋਸੀਏਸ਼ਨ(ਗ.ਬ) ਅਤੇ ਬ੍ਰਤਾਨੀਆਂ ਦੀ ਇਨਕਲਾਬੀ ਕਮਿਊਨਿਸਟ ਪਾਰਟੀ(ਮ-ਲ) ਵਲੋਂ ਸਾਂਝੇ ਤੌਰ ਤੇ ਜਥੇਬੰਦ ਕੀਤੀ ਜਾਵੇਗੀ। ਮੀਟਿੰਗ ਦੀ ਥਾਂ ਅਤੇ ਤਰੀਕ ਨੂੰ ਜਲਦੀ ਹੀ ਅਨਾਊਂਸ ਕਰ ਦਿਤਾ ਜਾਵੇਗਾ।